ਪ੍ਰਕਾਸ਼ਨ 1

# ਇੱਕ ਕਰਦਾਤਾ ਵਜੋਂ ਤੁਹਾਡੇ ਅਧਿਕਾਰ

ਇਹ ਪ੍ਰਕਾਸ਼ਨ ਇੱਕ ਕਰਦਾਤਾ ਵਜੋਂ ਤੁਹਾਡੇ ਅਧਿਕਾਰਾਂ ਅਤੇ ਜਾਂਚ, ਅਪੀਲ, ਉਗਰਾਹੀ ਅਤੇ ਰਿਫੰਡ ਦੀਆਂ ਪ੍ਰਕਿਰਿਆਵਾਂ ਬਾਰੇ ਦੱਸਦਾ ਹੈ। ਸਪੈਨਿਸ਼ ਵਿੱਚ ਵੀ ਉਪਲਬਧ ਹੈ।

## ਕਰਦਾਤਾ ਬਿਲ ਔਫ਼ ਰਾਈਟਸ

### 1. ਸੂਚਿਤ ਕੀਤੇ ਜਾਣ ਦਾ ਅਧਿਕਾਰ

ਕਰਦਾਤਾਵਾਂ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਉਹਨਾਂ ਨੂੰ ਟੈਕਸ ਕਾਨੂੰਨਾਂ ਦੀ ਪਾਲਣਾ ਕਰਨ ਲਈ ਕੀ ਕਰਨ ਦੀ ਜ਼ਰੂਰਤ ਹੈ। ਉਹ ਸਾਰੇ ਕਰ ਫਾਰਮਾਂ, ਨਿਰਦੇਸ਼ਾਂ, ਪ੍ਰਕਾਸ਼ਨਾਂ, ਨੋਟਿਸਾਂ ਅਤੇ ਪੱਤਰ ਵਿਹਾਰ ਵਿੱਚ ਕਾਨੂੰਨਾਂ ਅਤੇ IRS ਪ੍ਰਕਿਰਿਆਵਾਂ ਦੇ ਸਪੱਸ਼ਟੀਕਰਨ ਦੇ ਹੱਕਦਾਰ ਹਨ। ਉਹਨਾਂ ਨੂੰ ਆਪਣੇ ਕਰ ਖਾਤਿਆਂ ਬਾਰੇ IRS ਦੇ ਫੈਸਲਿਆਂ ਬਾਰੇ ਸੂਚਿਤ ਕੀਤੇ ਜਾਣ ਅਤੇ ਨਤੀਜਿਆਂ ਦੀ ਸਪਸ਼ਟ ਵਿਆਖਿਆ ਪ੍ਰਾਪਤ ਕਰਨ ਦਾ ਅਧਿਕਾਰ ਹੈ।

### 2. ਗੁਣਵੱਤਾ ਭਰੀ ਸੇਵਾ ਦਾ ਅਧਿਕਾਰ

ਕਰਦਾਤਾਵਾਂ ਨੂੰ IRS ਨਾਲ ਉਹਨਾਂ ਦੇ ਪੇਸ਼ ਆਉਣ ਵਿੱਚ ਤੁਰੰਤ, ਸੁਹਿਰਦ ਅਤੇ ਪੇਸ਼ੇਵਰ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ, ਉਹਨਾਂ ਨਾਲ ਇਸ ਤਰੀਕੇ ਨਾਲ ਗੱਲ ਕੀਤੇ ਜਾਣ ਦਾ ਅਧਿਕਾਰ ਹੈ ਕਿ ਉਹ ਆਸਾਨੀ ਨਾਲ ਸਮਝ ਸਕਣ, IRS ਤੋਂ ਸਪਸ਼ਟ ਅਤੇ ਅਸਾਨੀ ਨਾਲ ਸਮਝਣ ਯੋਗ ਸੰਚਾਰ ਪ੍ਰਾਪਤ ਕਰਨ ਦਾ, ਅਤੇ ਸੁਪਰਵਾਈਜ਼ਰ ਨਾਲ ਖਰਾਬ ਸੇਵਾ ਬਾਰੇ ਗੱਲ ਕਰਨ ਦਾ ਅਧਿਕਾਰ ਹੈ।

### 3. ਕਰ ਦੀ ਸਹੀ ਰਕਮ ਤੋਂ ਵੱਧ ਦਾ ਭੁਗਤਾਨ ਨਾ ਕਰਨ ਦਾ ਅਧਿਕਾਰ

ਕਰਦਾਤਾਵਾਂ ਨੂੰ ਕਾਨੂੰਨੀ ਤੌਰ 'ਤੇ ਬਣਦੀ ਕਰ ਦੀ ਰਕਮ ਦਾ ਭੁਗਤਾਨ ਕਰਨ ਦਾ ਅਧਿਕਾਰ ਹੈ, ਜਿਸ ਵਿਚ ਵਿਆਜ ਅਤੇ ਜ਼ੁਰਮਾਨੇ ਸ਼ਾਮਲ ਹਨ, ਅਤੇ IRS ਨੂੰ ਸਾਰੇ ਕਰ ਭੁਗਤਾਨਾਂ ਨੂੰ ਸਹੀ ਤਰ੍ਹਾਂ ਲਾਗੂ ਕਰਨਾ ਹੋਵੇਗਾ।

### 4. IRS ਦੀ ਸਥਿਤੀ ਨੂੰ ਚੁਣੌਤੀ ਦੇਣ ਅਤੇ ਸੁਣੇ ਜਾਣ ਦਾ ਅਧਿਕਾਰ

ਕਰਦਾਤਾਵਾਂ ਨੂੰ ਇਤਰਾਜ਼ ਉਠਾਉਣ ਅਤੇ ਰਸਮੀ IRS ਕਾਰਵਾਈਆਂ ਜਾਂ ਪ੍ਰਸਤਾਵਿਤ ਕਾਰਵਾਈਆਂ ਦੇ ਜਵਾਬ ਵਿੱਚ ਵਾਧੂ ਦਸਤਾਵੇਜ਼ ਮੁਹੱਈਆ ਕਰਾਉਣ ਦਾ ਅਧਿਕਾਰ ਹੈ, ਇਹ ਉਮੀਦ ਕਰਨ ਦਾ ਅਧਿਕਾਰ ਹੈ ਕਿ IRS ਆਪਣੇ ਸਮੇਂ ਸਿਰ ਇਤਰਾਜ਼ਾਂ ਅਤੇ ਦਸਤਾਵੇਜ਼ਾਂ ਬਾਰੇ ਤੁਰੰਤ ਅਤੇ ਨਿਰਪੱਖਤਾ ਨਾਲ ਵਿਚਾਰ ਕਰੇਗਾ, ਅਤੇ ਪ੍ਰਤੀਕਿਰਿਆ ਪ੍ਰਾਪਤ ਕਰਨ ਦਾ ਅਧਿਕਾਰ ਹੈ ਜੇ IRS ਉਹਨਾਂ ਦੀ ਸਥਿਤੀ ਨਾਲ ਸਹਿਮਤ ਨਹੀਂ ਹੁੰਦਾ ਹੈ।

### 5. ਇੱਕ ਸੁਤੰਤਰ ਫੋਰਮ ਵਿੱਚ IRS ਦੇ ਫੈਸਲੇ 'ਤੇ ਅਪੀਲ ਕਰਨ ਦਾ ਅਧਿਕਾਰ

ਕਰਦਾਤਾ ਬਹੁਤ ਸਾਰੇ ਜੁਰਮਾਨਿਆਂ ਸਮੇਤ ਬਹੁਤੇ IRS ਫੈਸਲਿਆਂ ਦੀ ਨਿਰਪੱਖ ਅਤੇ ਨਿਆਈਂ ਪ੍ਰਬੰਧਕੀ ਅਪੀਲ ਦੇ ਹੱਕਦਾਰ ਹੁੰਦੇ ਹਨ, ਅਤੇ ਉਹਨਾਂ ਕੋਲ Office of Appeals (ਅਪੀਲ ਦੇ ਦਫ਼ਤਰ) ਦੇ ਫੈਸਲੇ ਸੰਬੰਧੀ ਲਿਖਤੀ ਜਵਾਬ ਪ੍ਰਾਪਤ ਕਰਨ ਦਾ ਅਧਿਕਾਰ ਹੁੰਦਾ ਹੈ। ਕਰਦਾਤਾਵਾਂ ਕੋਲ ਆਮ ਤੌਰ 'ਤੇ ਆਪਣੇ ਕੇਸਾਂ ਨੂੰ ਅਦਾਲਤ ਵਿੱਚ ਲਿਜਾਣ ਦਾ ਅਧਿਕਾਰ ਹੁੰਦਾ ਹੈ।

### 6. ਅੰਤਮਤਾ ਦਾ ਅਧਿਕਾਰ

ਕਰਦਾਤਾਵਾਂ ਨੂੰ IRS ਦੀ ਸਥਿਤੀ ਨੂੰ ਚੁਣੌਤੀ ਦੇਣ ਲਈ ਉਹਨਾਂ ਕੋਲ ਵੱਧ ਤੋਂ ਵੱਧ ਸਮੇਂ ਦੇ ਨਾਲ ਨਾਲ IRS ਕੋਲ ਕਿਸੇ ਖਾਸ ਕਰ ਸਾਲ ਦਾ ਆਡਿਟ ਕਰਨ ਜਾਂ ਕਰ ਦਾ ਕਰਜ਼ਾ ਇੱਕਠਾ ਕਰਨ ਲਈ ਵੱਧ ਤੋਂ ਵੱਧ ਸਮੇਂ ਬਾਰੇ ਜਾਣਨ ਦਾ ਅਧਿਕਾਰ ਹੈ। ਕਰਦਾਤਾਵਾਂ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ IRS ਨੇ ਆਡਿਟ ਕਦੋਂ ਪੂਰਾ ਕੀਤਾ ਹੈ।

### 7. ਨਿੱਜਤਾ ਦਾ ਅਧਿਕਾਰ

ਕਰਦਾਤਾਵਾਂ ਕੋਲ ਇਹ ਉਮੀਦ ਕਰਨ ਦਾ ਅਧਿਕਾਰ ਹੈ ਕਿ ਕੋਈ ਵੀ IRS ਪੁੱਛ-ਗਿੱਛ, ਜਾਂਚ, ਜਾਂ ਲਾਗੂਕਰਨ ਕਾਰਵਾਈ ਕਾਨੂੰਨ ਦੀ ਪਾਲਣਾ ਕਰੇਗੀ ਅਤੇ ਜ਼ਰੂਰਤ ਤੋਂ ਵੱਧ ਵਧੇਰੇ ਦਖਲਅੰਦਾਜ਼ੀ ਨਹੀਂ ਕਰੇਗੀ, ਅਤੇ ਖੋਜ ਅਤੇ ਜ਼ਬਤ ਸੁਰੱਖਿਆਵਾਂ ਸਮੇਤ ਸਾਰੇ ਪ੍ਰਕਿਰਿਆ ਅਧਿਕਾਰਾਂ ਦਾ ਸਨਮਾਨ ਕਰੇਗੀ, ਅਤੇ ਜਿੱਥੇ ਲਾਗੂ ਹੋਇਆ, ਉਚਿਤ ਪ੍ਰਕਿਰਿਆ ਸੁਣਵਾਈ ਕਰੇਗੀ।

### 8. ਗੁਪਤਤਾ ਦਾ ਅਧਿਕਾਰ

ਕਰਦਾਤਾਵਾਂ ਨੂੰ ਇਹ ਉਮੀਦ ਕਰਨ ਦਾ ਅਧਿਕਾਰ ਹੈ ਕਿ ਉਹਨਾਂ ਦੁਆਰਾ IRS ਨੂੰ ਮੁਹੱਈਆ ਕਰਵਾਈ ਗਈ ਕਿਸੇ ਵੀ ਜਾਣਕਾਰੀ ਦਾ ਖੁਲਾਸਾ ਉਦੋਂ ਤੱਕ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਰਦਾਤਾ ਜਾਂ ਕਾਨੂੰਨ ਦੁਆਰਾ ਅਧਿਕਾਰਤ ਨਹੀਂ ਹੁੰਦਾ। ਕਰਦਾਤਾਵਾਂ ਨੂੰ ਇਹ ਉਮੀਦ ਕਰਨ ਦਾ ਅਧਿਕਾਰ ਹੈ ਕਿ ਉਹਨਾਂ ਕਰਮਚਾਰੀਆਂ, ਰਿਟਰਨ ਤਿਆਰ ਕਰਨ ਵਾਲਿਆਂ ਅਤੇ ਹੋਰਨਾਂ ਵਿਰੁੱਧ ਢੁਕਵੀਂ ਕਾਰਵਾਈ ਕੀਤੀ ਜਾਵੇਗੀ ਜੋ ਕਰਦਾਤਾ ਦੀ ਰਿਟਰਨ ਦੀ ਜਾਣਕਾਰੀ ਨੂੰ ਗਲਤ ਤਰੀਕੇ ਨਾਲ ਵਰਤਦੇ ਜਾਂ ਖੁਲਾਸਾ ਕਰਦੇ ਹਨ।

### 9. ਪ੍ਰਤੀਨਿਧਤਾ ਕਾਇਮ ਰੱਖਣ ਦਾ ਅਧਿਕਾਰ

ਕਰਦਾਤਾਵਾਂ ਕੋਲ ਉਹਨਾਂ ਦੇ IRS ਨਾਲ ਪੇਸ਼ ਆਉਣ ਲਈ ਆਪਣੀ ਮਰਜ਼ੀ ਦੇ ਅਧਿਕਾਰਤ ਨੁਮਾਇੰਦੇ ਨੂੰ ਪ੍ਰਤੀਨਿਧ ਕਰਨ ਦਾ ਅਧਿਕਾਰ ਹੈ। ਜੇ ਕਰਦਾਤਾ ਪ੍ਰਤੀਨਿਧਤਾ ਨਹੀਂ ਲੈ ਸਕਦੇ ਤਾਂ ਉਹਨਾਂ ਕੋਲ Low Income Taxpayer Clinic (ਘੱਟ ਆਮਦਨੀ ਕਰਦਾਤਾ ਕਲੀਨਿਕ) ਤੋਂ ਸਹਾਇਤਾ ਲੈਣ ਦਾ ਅਧਿਕਾਰ ਹੈ।

### 10. ਸਹੀ ਅਤੇ ਨਿਰਪੱਖ ਕਰ ਪ੍ਰਣਾਲੀ ਦਾ ਅਧਿਕਾਰ

ਕਰਦਾਤਾਵਾਂ ਕੋਲ ਕਰ ਪ੍ਰਣਾਲੀ ਤੋਂ ਉਹਨਾਂ ਤੱਥਾਂ ਅਤੇ ਹਾਲਾਤਾਂ 'ਤੇ ਵਿਚਾਰ ਕਰਨ ਦੀ ਉਮੀਦ ਕਰਨ ਦਾ ਅਧਿਕਾਰ ਹੈ ਜੋ ਉਹਨਾਂ ਦੀਆਂ ਅੰਤਰੀਵ ਦੇਣਦਾਰੀਆਂ, ਭੁਗਤਾਨ ਕਰਨ ਦੀ ਯੋਗਤਾ, ਜਾਂ ਸਮੇਂ ਸਿਰ ਜਾਣਕਾਰੀ ਪ੍ਰਦਾਨ ਕਰਨ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦੇ ਹਨ। ਕਰਦਾਤਾਵਾਂ ਨੂੰ ਇਹ ਅਧਿਕਾਰ ਹੈ ਕਿ ਉਹ Taxpayer Advocate Service (ਕਰਦਾਤਾ ਐਡਵੋਕੇਟ ਸੇਵਾ) ਤੋਂ ਸਹਾਇਤਾ ਪ੍ਰਾਪਤ ਕਰ ਸਕਦੇ ਹਨ ਜੇ ਉਹ ਵਿੱਤੀ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ ਜਾਂ ਜੇ IRS ਨੇ ਆਪਣੇ ਆਮ ਚੈਨਲਾਂ ਦੁਆਰਾ ਉਹਨਾਂ ਦੇ ਕਰ ਦੇ ਮੁੱਦਿਆਂ ਨੂੰ ਸਹੀ ਅਤੇ ਸਮੇਂ ਸਿਰ ਹੱਲ ਨਹੀਂ ਕੀਤਾ ਹੈ।

**IRS ਮਿਸ਼ਨ**

ਅਮਰੀਕਾ ਦੇ ਕਰਦਾਤਾਵਾਂ ਨੂੰ ਉਹਨਾਂ ਦੀਆਂ ਕਰ ਜ਼ਿੰਮੇਵਾਰੀਆਂ ਨੂੰ ਸਮਝਣ ਅਤੇ ਉਹਨਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਕੇ ਅਤੇ ਸਭ ਲਈ ਇਕਸਾਰਤਾ ਅਤੇ ਨਿਰਪੱਖਤਾ ਨਾਲ ਕਾਨੂੰਨ ਲਾਗੂਕਰਨ ਵਿੱਚ ਸਹਾਇਤਾ ਦੇ ਕੇ ਉੱਚ-ਗੁਣਵੱਤਾ ਸੇਵਾ ਪ੍ਰਦਾਨ ਕਰਨਾ।

Publication 1 (PA) (Rev. 9-2017) Catalog Number 74799E Department of the Treasury **Internal Revenue Service** IRS.gov

# ਜਾਂਚਾਂ, ਅਪੀਲਾਂ, ਕਲੈਕਸ਼ਨ, ਅਤੇ ਰਿਫੰਡ

## ਜਾਂਚਾਂ (ਆਡਿਟ)

ਅਸੀਂ ਜ਼ਿਆਦਾਤਰ ਕਰਦਾਤਾਵਾਂ ਦੇ ਰਿਟਰਨ ਦਾਇਰ ਕੀਤੇ ਅਨੁਸਾਰ ਸਵੀਕਾਰ ਕਰਦੇ ਹਾਂ। ਜੇ ਅਸੀਂ ਤੁਹਾਡੇ ਰਿਟਰਨ ਬਾਰੇ ਪੁੱਛਗਿੱਛ ਕਰਦੇ ਹਾਂ ਜਾਂ ਇਸ ਨੂੰ ਜਾਂਚ ਲਈ ਚੁਣਦੇ ਹਾਂ, ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਬੇਈਮਾਨ ਹੋ। ਪੁੱਛਗਿੱਛ ਜਾਂ ਜਾਂਚ ਦੇ ਨਤੀਜੇ ਵਜੋਂ ਵਧੇਰੇ ਕਰ ਲੱਗ ਸਕਦੇ ਹਨ ਜਾਂ ਨਹੀਂ ਲੱਗ ਸਕਦੇ ਹਨ। ਅਸੀਂ ਤੁਹਾਡੇ ਕੇਸ ਨੂੰ ਬਿਨ੍ਹਾਂ ਬਦਲਾਅ ਦੇ ਬੰਦ ਕਰ ਸਕਦੇ ਹਾਂ; ਜਾਂ, ਤੁਸੀਂ ਰਿਫੰਡ ਪ੍ਰਾਪਤ ਕਰ ਸਕਦੇ ਹੋ।

ਜਾਂਚ ਲਈ ਰਿਟਰਨ ਦੀ ਚੋਣ ਕਰਨ ਦੀ ਪ੍ਰਕਿਰਿਆ ਆਮ ਤੌਰ 'ਤੇ ਦੋ ਤਰੀਕਿਆਂ ਵਿੱਚੋਂ ਇੱਕ ਨਾਲ ਸ਼ੁਰੂ ਹੁੰਦੀ ਹੈ। ਪਹਿਲਾਂ, ਅਸੀਂ ਉਹਨਾਂ ਰਿਟਰਨਜ਼ ਦੀ ਪਛਾਣ ਕਰਨ ਲਈ ਕੰਪਿਊਟਰ ਪ੍ਰੋਗਰਾਮਾਂ ਦੀ ਵਰਤੋਂ ਕਰਦੇ ਹਾਂ ਜਿੰਨ੍ਹਾਂ ਦੀਆਂ ਰਕਮਾਂ ਗਲਤ ਹੋ ਸਕਦੀਆਂ ਹਨ। ਇਹ ਪ੍ਰੋਗਰਾਮ ਜਾਣਕਾਰੀ ਰਿਟਰਨਜ਼, ਜਿਵੇਂ ਕਿ ਫਾਰਮ 1099 ਅਤੇ W-2, ਪਿਛਲੀਆਂ ਜਾਂਚਾਂ ਦੇ ਅਧਿਐਨਾਂ, ਜਾਂ ਪਾਲਣਾ ਪ੍ਰੋਜੈਕਟਾਂ ਦੁਆਰਾ ਪਛਾਣੇ ਗਏ ਕੁਝ ਮੁੱਦਿਆਂ 'ਤੇ ਅਧਾਰਤ ਹੋ ਸਕਦੇ ਹਨ। ਦੂਜਾ, ਅਸੀਂ ਬਾਹਰੀ ਸਰੋਤਾਂ ਤੋਂ ਜਾਣਕਾਰੀ ਦੀ ਵਰਤੋਂ ਕਰਦੇ ਹਾਂ ਜੋ ਦੱਸਦਾ ਹੈ ਕਿ ਰਿਟਰਨ ਦੀਆਂ ਰਕਮਾਂ ਗਲਤ ਹੋ ਸਕਦੀਆਂ ਹਨ। ਇਹਨਾਂ ਸਰੋਤਾਂ ਵਿੱਚ ਅਖਬਾਰ, ਜਨਤਕ ਰਿਕਾਰਡ ਅਤੇ ਵਿਅਕਤੀ ਸ਼ਾਮਲ ਹੋ ਸਕਦੇ ਹਨ। ਜੇ ਅਸੀਂ ਨਿਰਧਾਰਤ ਕਰਦੇ ਹਾਂ ਕਿ ਜਾਣਕਾਰੀ ਸਹੀ ਅਤੇ ਭਰੋਸੇਮੰਦ ਹੈ, ਤਾਂ ਅਸੀਂ ਇਸ ਦੀ ਵਰਤੋਂ ਜਾਂਚ ਲਈ ਰਿਟਰਨ ਦੀ ਚੋਣ ਕਰਨ ਲਈ ਕਰ ਸਕਦੇ ਹਾਂ।

ਪ੍ਰਕਾਸ਼ਨ 556, ਰਿਟਰਨਜ਼ ਦੀ ਜਾਂਚ, ਅਪੀਲ ਦੇ ਅਧਿਕਾਰ, ਅਤੇ ਰਿਫੰਡ ਲਈ ਦਾਅਵੇ (Publication 556, Examination of Returns, Appeal Rights, and Claims for Refund), ਉਹਨਾਂ ਨਿਯਮਾਂ ਅਤੇ ਪ੍ਰਕਿਰਿਆਵਾਂ ਦੀ ਵਿਆਖਿਆ ਕਰਦਾ ਹੈ ਜਿਨ੍ਹਾਂ ਦੀ ਅਸੀਂ ਜਾਂਚਾਂ ਵਿੱਚ ਪਾਲਣਾ ਕਰਦੇ ਹਾਂ। ਹੇਠ ਦਿੱਤੇ ਭਾਗ ਇਸ ਬਾਰੇ ਸੰਖੇਪ ਜਾਣਕਾਰੀ ਦਿੰਦੇ ਹਨ ਕਿ ਅਸੀਂ ਕਿਵੇਂ ਜਾਂਚਾਂ ਕਰਦੇ ਹਾਂ।

## ਡਾਕ ਦੁਆਰਾ

ਅਸੀਂ ਮੇਲ ਦੁਆਰਾ ਬਹੁਤ ਸਾਰੀਆਂ ਜਾਂਚਾਂ ਅਤੇ ਪੁੱਛਗਿੱਛਾਂ ਕਰਦੇ ਹਾਂ। ਅਸੀਂ ਤੁਹਾਨੂੰ ਵਧੇਰੇ ਜਾਣਕਾਰੀ ਲਈ ਬੇਨਤੀ ਜਾਂ ਇੱਕ ਕਾਰਨ ਦੇ ਨਾਲ ਇੱਕ ਪੱਤਰ ਭੇਜਾਂਗੇ ਕਿ ਅਸੀਂ ਇਹ ਕਿਉਂ ਮੰਨਦੇ ਹਾਂ ਕਿ ਤੁਹਾਡੇ ਰਿਟਰਨ ਵਿੱਚ ਤਬਦੀਲੀ ਦੀ ਜ਼ਰੂਰਤ ਹੋ ਸਕਦੀ ਹੈ। ਤੁਸੀਂ ਮੇਲ ਦੁਆਰਾ ਜਵਾਬ ਦੇ ਸਕਦੇ ਹੋ ਜਾਂ ਤੁਸੀਂ ਕਿਸੇ ਜਾਂਚਕਰਤਾ ਨਾਲ ਨਿੱਜੀ ਇੰਟਰਵਿਊ ਲਈ ਬੇਨਤੀ ਕਰ ਸਕਦੇ ਹੋ। ਜੇ ਤੁਸੀਂ ਸਾਨੂੰ ਮੰਗੀ ਜਾਣਕਾਰੀ ਮੇਲ ਕਰਦੇ ਹੋ ਜਾਂ ਕੋਈ ਸਪਸ਼ਟੀਕਰਨ ਦਿੰਦੇ ਹੋ, ਤਾਂ ਅਸੀਂ ਤੁਹਾਡੇ ਨਾਲ ਸਹਿਮਤ ਹੋ ਸਕਦੇ ਹਾਂ ਜਾਂ ਨਹੀਂ ਹੋ ਸਕਦੇ, ਅਤੇ ਅਸੀਂ ਕਿਸੇ ਤਬਦੀਲੀਆਂ ਦੇ ਕਾਰਨਾਂ ਬਾਰੇ ਦੱਸਾਂਗੇ। ਕਿਰਪਾ ਕਰਕੇ ਸਾਨੂੰ ਕਿਸੇ ਉਸ ਚੀਜ਼ ਬਾਰੇ ਲਿਖਣ ਵਿੱਚ ਨਾ ਝਿਝਕੋ ਜੋ ਤੁਹਾਨੂੰ ਸਮਝ ਨਹੀਂ ਆ ਰਹੀ ਹੈ।

## ਇੰਟਰਵਿਊ ਰਾਹੀਂ

ਜੇ ਅਸੀਂ ਤੁਹਾਨੂੰ ਸੂਚਿਤ ਕਰਦੇ ਹਾਂ ਕਿ ਅਸੀਂ ਤੁਹਾਡੀ ਜਾਂਚ ਇੱਕ ਨਿੱਜੀ ਇੰਟਰਵਿਊ ਦੇ ਜ਼ਰੀਏ ਕਰਾਂਗੇ, ਜਾਂ ਤੁਸੀਂ ਅਜਿਹੀ ਇੰਟਰਵਿਊ ਲਈ ਬੇਨਤੀ ਕਰਦੇ ਹੋ, ਤਾਂ ਤੁਹਾਨੂੰ ਇਹ ਪੁੱਛਣ ਦਾ ਅਧਿਕਾਰ ਹੈ ਕਿ ਜਾਂਚ ਇੱਕ ਢੁਕਵੇਂ ਸਮੇਂ ਅਤੇ ਜਗ੍ਹਾ 'ਤੇ ਹੋਣੀ ਚਾਹੀਦੀ ਹੈ ਜੋ ਤੁਹਾਡੇ ਅਤੇ IRS ਦੋਵਾਂ ਲਈ ਸਹੀ ਹੈ। ਜੇ ਸਾਡਾ ਜਾਂਚਕਰਤਾ ਤੁਹਾਡੇ ਰਿਟਰਨ ਵਿੱਚ ਕਿਸੇ ਤਬਦੀਲੀ ਦਾ ਪ੍ਰਸਤਾਵ ਦਿੰਦਾ ਹੈ, ਤਾਂ ਉਹ ਤਬਦੀਲੀਆਂ ਦੇ ਕਾਰਨਾਂ ਬਾਰੇ ਦੱਸੇਗਾ। ਜੇ ਤੁਸੀਂ ਇਹਨਾਂ ਤਬਦੀਲੀਆਂ ਨਾਲ ਸਹਿਮਤ ਨਹੀਂ ਹੋ, ਤਾਂ ਤੁਸੀਂ ਜਾਂਚਕਰਤਾ ਦੇ ਸੁਪਰਵਾਈਜ਼ਰ ਨਾਲ ਮਿਲ ਸਕਦੇ ਹੋ।

## ਦੁਹਰਾਈਆਂ ਗਈਆਂ ਜਾਂਚਾਂ

ਜੇ ਅਸੀਂ ਪਿਛਲੇ 2 ਸਾਲਾਂ ਵਿੱਚ ਕਿਸੇ ਇੱਕ ਵਿੱਚ ਉਸੇ ਚੀਜ਼ਾਂ ਲਈ ਤੁਹਾਡੇ ਰਿਟਰਨ ਦੀ ਜਾਂਚ ਕੀਤੀ ਹੈ ਅਤੇ ਤੁਹਾਡੀ ਕਰ ਦੇਣਦਾਰੀ ਵਿੱਚ ਕੋਈ ਬਦਲਾਅ ਨਾ ਕਰਨ ਦਾ ਪ੍ਰਸਤਾਵ ਦਿੱਤਾ ਹੈ, ਤਾਂ ਕਿਰਪਾ ਕਰਕੇ ਜਲਦੀ ਤੋਂ ਜਲਦੀ ਸਾਡੇ ਨਾਲ ਸੰਪਰਕ ਕਰੋ ਤਾਂ ਜੋ ਅਸੀਂ ਵੇਖ ਸਕੀਏ ਕਿ ਸਾਨੂੰ ਜਾਂਚ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਨਹੀਂ।

## ਅਪੀਲਾਂ

ਜੇ ਤੁਸੀਂ ਜਾਂਚਕਰਤਾ ਦੀਆਂ ਪ੍ਰਸਤਾਵਤ ਤਬਦੀਲੀਆਂ ਨਾਲ ਸਹਿਮਤ ਨਹੀਂ ਹੋ, ਤਾਂ ਤੁਸੀਂ ਉਹਨਾਂ ਨੂੰ IRS ਦੇ Appeals Office (ਅਪੀਲ ਦਫ਼ਤਰ) ਵਿੱਚ ਅਪੀਲ ਕਰ ਸਕਦੇ ਹੋ। ਜ਼ਿਆਦਾਤਰ ਮੱਤਭੇਦ ਮਹਿੰਗੇ ਅਤੇ ਸਮੇਂ ਦੀ ਖਪਤ ਕਰਨ ਵਾਲੇ ਅਦਾਲਤੀ ਮੁੱਕਦਮਿਆਂ ਦੇ ਬਿਨ੍ਹਾਂ ਹੱਲ ਕੀਤੇ ਜਾ ਸਕਦੇ ਹਨ। ਤੁਹਾਡੇ ਅਪੀਲ ਕਰਨ ਦੇ ਅਧਿਕਾਰ ਪ੍ਰਕਾਸ਼ਨ 5, ਤੁਹਾਡੇ ਸਹਿਮਤ ਨਾ ਹੋਣ 'ਤੇ ਤੁਹਾਡੇ ਅਪੀਲ ਕਰਨ ਦੇ ਅਧਿਕਾਰ ਅਤੇ ਵਿਰੋਧ ਦੀ ਤਿਆਰੀ ਕਿੰਝ ਕੀਤੀ ਜਾਵੇ (Publication 5, Your Appeal Rights and How To Prepare a Protest If You Don't Agree), ਅਤੇ ਪ੍ਰਕਾਸ਼ਨ 556, ਰਿਟਰਨ ਦੀ ਜਾਂਚ, ਅਪੀਲ ਦੇ ਅਧਿਕਾਰ, ਅਤੇ ਰਿਫੰਡ ਲਈ ਦਾਅਵੇ (Publication 556, Examination of Returns, Appeal Rights, and Claims for Refund) ਵਿਚ ਦਿੱਤੇ ਗਏ ਹਨ।

ਜੇ ਤੁਸੀਂ Appeals Office (ਅਪੀਲ ਦਫਤਰ) ਦੀ ਵਰਤੋਂ ਨਹੀਂ ਕਰਨਾ ਚਾਹੁੰਦੇ ਹੋ ਜਾਂ ਇਸ ਦਿਆਂ ਨਤੀਜਿਆਂ ਨਾਲ ਸਹਿਮਤ ਨਹੀਂ ਹੁੰਦੇ ਹੋ, ਤਾਂ ਤੁਸੀਂ ਆਪਣੇ ਮੁਕੱਦਮੇ ਨੂੰ U.S. Tax Court (ਯੂ.ਐਸ. ਕਰ ਅਦਾਲਤ), U.S. Court of Federal Claims (ਸੰਘੀ ਦਾਅਵਿਆਂ ਦੀ ਯੂ.ਐਸ. ਅਦਾਲਤ), ਜਾਂ U.S. District Court (ਯੂ.ਐਸ. ਜਿਲ੍ਹਾ ਅਦਾਲਤ) ਵਿੱਚ ਲੈ ਜਾ ਸਕਦੇ ਹੋ, ਜਿੱਥੇ ਤੁਸੀਂ ਰਹਿੰਦੇ ਹੋ। ਜੇ ਤੁਸੀਂ ਆਪਣੇ ਮੁਕੱਦਮੇ ਨੂੰ ਅਦਾਲਤ ਵਿੱਚ ਲੈਕੇ ਜਾਂਦੇ ਹੋ, ਤਾਂ IRS 'ਤੇ ਕੁਝ ਤੱਥਾਂ ਨੂੰ ਸਾਬਤ ਕਰਨ ਦਾ ਦਬਾਅ ਹੋਵੇਗਾ ਜੇ ਤੁਸੀਂ ਆਪਣੀ ਕਰ ਦੇਣਦਾਰੀ ਦਰਸਾਉਣ ਲਈ ਲੋੜੀਂਦੇ ਰਿਕਾਰਡ ਰੱਖਦੇ ਹੋ, IRS ਨੂੰ ਸਹਿਯੋਗ ਦਿੰਦੇ ਹੋ, ਅਤੇ ਕੁੱਝ ਹੋਰ ਸ਼ਰਤਾਂ ਨੂੰ ਪੂਰਾ ਕਰਦੇ ਹੋ। ਜੇ ਅਦਾਲਤ ਤੁਹਾਡੇ ਮੁਕੱਦਮੇ ਵਿਚ ਜ਼ਿਆਦਾਤਰ ਮੁੱਦਿਆਂ 'ਤੇ ਤੁਹਾਡੇ ਨਾਲ ਸਹਿਮਤ ਹੁੰਦੀ ਹੈ ਅਤੇ ਇਹ ਦੇਖਦੀ ਹੈ ਕਿ ਸਾਡੀ ਸਥਿਤੀ ਬਹੁਤ ਹੱਦ ਤੱਕ ਅਨੁਚਿਤ ਸੀ, ਤਾਂ ਤੁਸੀਂ ਆਪਣੇ ਪ੍ਰਬੰਧਕੀ ਅਤੇ ਮੁਕੱਦਮੇਬਾਜ਼ੀ ਦੇ ਕੁੱਝ ਖਰਚੇ ਰਿਕਵਰ ਸਕਦੇ ਹੋ। ਤੁਸੀਂ ਇਹਨਾਂ ਖਰਚਿਆਂ ਨੂੰ ਰਿਕਵਰ ਕਰਨ ਦੇ ਯੋਗ ਨਹੀਂ ਹੋਵੋਗੇ ਜਦੋਂ ਤੱਕ ਤੁਸੀਂ ਆਪਣੇ ਮੁਕੱਦਮੇ ਦਾ ਪ੍ਰਬੰਧਕੀ ਤੌਰ 'ਤੇ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕਰਦੇ ਹੋ, ਜਿਸ ਵਿੱਚ ਅਪੀਲ ਪ੍ਰਣਾਲੀ ਵਿੱਚੋਂ ਲੰਘਣਾ ਸ਼ਾਮਲ ਹੈ, ਅਤੇ ਤੁਸੀਂ ਸਾਨੂੰ ਮੁਕੱਦਮੇ ਨੂੰ ਹੱਲ ਕਰਨ ਲਈ ਜ਼ਰੂਰੀ ਜਾਣਕਾਰੀ ਦਿੱਤੀ।

## ਕਲੈਕਸ਼ਨ

Publication 594, The IRS Collection Process (ਪ੍ਰਕਾਸ਼ਨ 594, IRS ਕਲੈਕਸ਼ਨ ਪ੍ਰਕਿਰਿਆ), ਸੰਘੀ ਕਰਾਂ ਦੇ ਭੁਗਤਾਨ ਬਾਰੇ ਤੁਹਾਡੇ ਅਧਿਕਾਰ ਅਤੇ ਜ਼ੁੰਮੇਵਾਰੀਆਂ ਦੀ ਵਿਆਖਿਆ ਕਰਦਾ ਹੈ। ਇਹ ਇਸ ਦਾ ਵਰਨਣ ਕਰਦਾ ਹੈ:

- ਜਦੋਂ ਤੁਹਾਡੀ ਕਰਾਂ ਦੀ ਦੇਣਦਾਰੀ ਹੁੰਦੀ ਹੈ ਤਾਂ ਤੁਸੀਂ ਕੀ ਕਰਦੇ ਹੋ। ਇਹ ਵਿਵਰਣ ਕਰਦਾ ਹੈ ਕਿ ਕਰ ਦਾ ਬਿੱਲ ਪ੍ਰਾਪਤ ਹੋਣ 'ਤੇ ਤੁਹਾਨੂੰ ਕੀ ਕਰਨਾ ਚਾਹੀਦਾ ਹੈ ਅਤੇ ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਬਿੱਲ ਗਲਤ ਹੈ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ। ਇਸ ਵਿੱਚ ਕਿਸ਼ਤਾਂ ਦਾ ਭੁਗਤਾਨ ਕਰਨਾ, ਕਲੈਕਸ਼ਨ ਕਰਨ ਵਿੱਚ ਦੇਰੀ ਕਰਨਾ, ਅਤੇ ਰਜ਼ਾਮੰਦੀ ਵਿੱਚ ਇੱਕ ਪੇਸ਼ਕਸ਼ ਅੱਗੇ ਰੱਖਣਾ ਵੀ ਸ਼ਾਮਲ ਹੈ।
- IRS ਕਲੈਕਸ਼ਨ ਕਾਰਵਾਈਆਂ। ਇਸ ਵਿੱਚ ਅਧਿਕਾਰ, ਅਧਿਕਾਰ ਛੱਡਣਾ, ਵਸੂਲੀ, ਵਸੂਲੀ ਛੱਡਣਾ, ਕਬਜ਼ਾ ਅਤੇ ਵਿਕਰੀ, ਅਤੇ ਸੰਪੱਤੀ ਛੱਡਣਾ ਸ਼ਾਮਲ ਹੈ।
- ਵਧੇਰੇ ਬਕਾਇਆ ਕਰਜ਼ੇ ਵਾਲੇ State Department (ਰਾਜ ਵਿਭਾਗ) ਲਈ IRS ਸਰਟੀਫਿਕੇਸ਼ਨ, ਜਿਸਦੇ ਸਿੱਟੇ ਵਜੋਂ ਆਮਤੌਰ 'ਤੇ ਪਾਸਪੋਰਟ ਦੀ ਅਰਜ਼ੀ ਨੂੰ ਖਾਰਜ ਕੀਤਾ ਜਾਵੇਗਾ ਅਤੇ ਪਾਸਪੋਰਟ ਰੱਦ ਵੀ ਕੀਤਾ ਜਾ ਸਕਦਾ ਹੈ।

Publication 1660, Collection Appeal Rights (ਪ੍ਰਕਾਸ਼ਨ 1660, ਕਲੈਕਸ਼ਨ ਅਪੀਲ ਅਧਿਕਾਰਾਂ) ਵਿੱਚ ਤੁਹਾਡੀ ਕਲੈਕਸ਼ਨ ਦੀ ਅਪੀਲ ਦਿਆਂ ਅਧਿਕਾਰਾਂ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ ਹੈ।

## ਬੇਕਸੂਰ ਜੀਵਨਸਾਥੀ ਰਾਹਤ

ਆਮਤੌਰ 'ਤੇ, ਕਰ ਦੀ ਪੂਰੀ ਰਕਮ, ਵਿਆਜ ਅਤੇ ਸੰਯੁਕਤ ਰਿਟਰਨ 'ਤੇ ਦੇਣਯੋਗ ਜੁਰਮਾਨੇ ਲਈ ਤੁਸੀਂ ਅਤੇ ਤੁਹਾਡਾ/ਤੁਹਾਡੀ ਜੀਵਨ ਸਾਥੀ ਦੋਹੇਂ ਜ਼ੁੰਮੇਵਾਰ ਹੁੰਦਾ/ਹੁੰਦੀ ਹੈ। ਹਾਲਾਂਕਿ, ਜੇ ਤੁਸੀਂ ਬੇਕਸੂਰ ਜੀਵਨ ਸਾਥੀ ਰਾਹਤ ਦੀ ਯੋਗਤਾ ਨੂੰ ਪੂਰਾ ਹੋ, ਤਾਂ ਤੁਹਾਨੂੰ ਤੁਹਾਡੀ ਸੰਯੁਕਤ ਦੇਣਦਾਰੀ ਤੋਂ ਕੁੱਝ ਹੱਦ ਤੱਕ ਜਾਂ ਪੂਰੀ ਤਰ੍ਹਾ ਮੁਕਤ ਕੀਤਾ ਜਾ ਸਕਦਾ ਹੈ। ਰਾਹਤ ਲਈ ਬੇਨਤੀ ਕਰਨ ਲਈ, ਤੁਹਾਨੂੰ ਫਾਰਮ 8857, ਬੇਕਸੂਰ ਜੀਵਨ ਸਾਥੀ ਰਾਹਤ (Form 8857, Request for Innocent Spouse Relief) ਲਈ ਬੇਨਤੀ ਨੂੰ ਭਰਨਾ ਪਵੇਗਾ। ਬੇਕਸੂਰ ਜੀਵਨ ਸਾਥੀ ਰਾਹਤ ਬਾਰੇ ਵਧੇਰੇ ਜਾਣਕਾਰੀ ਲਈ ਪਬਲੀਕੇਸ਼ਨ 971, ਬੇਕਸੂਰ ਜੀਵਨ ਸਾਥੀ ਰਾਹਤ (Publication 971, Innocent Spouse Relief), ਅਤੇ ਫਾਰਮ 8857 (Form 8857) ਦੇਖੋ।

## ਸੰਭਾਵੀ ਤੀਸਰੇ ਧਿਰ ਦੇ ਸੰਪਰਕ

ਆਮਤੌਰ 'ਤੇ, IRS ਸਿੱਧਾ ਤੁਹਾਡੇ ਨਾਲ ਜਾਂ ਤੁਹਾਡੇ ਅਧਿਕਾਰਤ ਨੁਮਾਇੰਦੇ ਨਾਲ ਨਜਿੱਠੇਗਾ। ਹਾਲਾਂਕਿ, ਅਸੀਂ ਕਈ ਵਾਰ ਹੋਰਾਂ ਲੋਕਾਂ ਨਾਲ ਗੱਲ ਕਰਦੇ ਹਾਂ ਕਿ ਕੀ ਸਾਨੂੰ ਅਜਿਹੀ ਜਾਣਕਾਰੀ ਦੀ ਲੋੜ ਹੈ ਜੋ ਤੁਸੀਂ ਪ੍ਰਦਾਨ ਕਰਨ ਵਿੱਚ ਅਸਮਰੱਥ ਹੋ, ਜਾਂ ਸਾਨੂੰ ਪ੍ਰਾਪਤ ਜਾਣਕਾਰੀ ਦੀ ਤਸਦੀਕ ਕਰਨ ਦੀ ਲੋੜ ਹੈ। ਜੇ ਅਸੀਂ ਹੋਰਾਂ ਲੋਕਾਂ, ਜਿਵੇਂ ਕਿ ਕੋਈ ਗੁਆਂਢੀ, ਬੈਂਕ, ਰੁਜ਼ਗਾਰਦਾਤਾ ਜਾਂ ਕਰਮਚਾਰੀਆਂ ਨਾਲ ਸੰਪਰਕ ਕਰਦੇ ਹਾਂ, ਤਾਂ ਸਾਨੂੰ ਆਮਤੌਰ 'ਤੇ ਉਹਨਾਂ ਨੂੰ ਸੀਮਤ ਜਾਣਕਾਰੀ, ਜਿਵੇਂ ਕਿ ਤੁਹਾਡਾ ਨਾਮ ਹੀ ਦੱਸਣਾ ਚਾਹੀਦਾ ਹੈ। ਇਹ ਕਾਨੂੰਨ ਸਾਨੂੰ ਉਹ ਜਾਣਕਾਰੀ ਪ੍ਰਾਪਤ ਕਰਨ ਜਾਂ ਉਸਦੀ ਤਸਦੀਕ ਕਰਨ ਲਈ ਲੋੜ ਤੋਂ ਵੱਧ ਕਿਸੇ ਵੀ ਜਾਣਕਾਰੀ ਨੂੰ ਪ੍ਰਗਟ ਕਰਨ ਤੋਂ ਰੋਕਦਾ ਹੈ ਜਿਸਦੀ ਅਸੀਂ ਖੋਜ ਕਰ ਰਹੇ ਹਾਂ। ਸਾਡੀ ਹੋਰਾਂ ਲੋਕਾਂ ਨਾਲ ਸੰਪਰਕ ਕਰਨ ਦੀ ਲੋੜ ਉਦੋਂ ਤੱਕ ਬਰਕਰਾਰ ਰਹਿ ਸਕਦੀ ਹੈ ਜਦੋਂ ਤੱਕ ਤੁਹਾਡੇ ਮੁਕੱਦਮੇ ਵਿੱਚ ਕੋਈ ਨਾ ਕੋਈ ਗਤੀਵਿਧੀ ਜਾਰੀ ਰਹਿੰਦੀ ਹੈ। ਜੇ ਅਸੀਂ ਹੋਰਾਂ ਲੋਕਾਂ ਨਾਲ ਸੰਪਰਕ ਕਰਦੇ ਹਾਂ, ਤਾਂ ਤੁਸੀਂ ਸੰਪਰਕ ਕੀਤੇ ਗਏ ਉਹਨਾਂ ਲੋਕਾਂ ਦੀ ਸੂਚੀ ਦੀ ਮੰਗ ਕਰਨ ਦੇ ਹੱਕਦਾਰ ਹੁੰਦੇ ਹੋ। ਤੁਸੀਂ ਬੇਨਤੀ ਟੈਲੀਫੋਨ, ਲਿਖਤੀ ਰੂਪ ਵਿੱਚ, ਜਾਂ ਕਿਸੇ ਨਿਜੀ ਇੰਟਰਵਿਊ ਦੌਰਾਨ ਕਰ ਸਕਦੇ ਹੋ।

## ਰੀਫੰਡਸ

ਜੇ ਤੁਹਾਨੂੰ ਇੰਝ ਲੱਗਦਾ ਹੈ ਕਿ ਤੁਸੀਂ ਬਹੁਤ ਜ਼ਿਆਦਾ ਕਰ ਅਦਾ ਕੀਤਾ ਹੈ ਤਾਂ ਤੁਸੀਂ ਰਿਫੰਡ ਲਈ ਦਾਅਵਾ ਦਾਇਰ ਕਰ ਸਕਦੇ ਹੋ। ਤੁਹਾਨੂੰ ਆਮਤੌਰ 'ਤੇ ਅਸਲ ਰਿਟਰਨ ਦਾਇਰ ਕਰਨ ਦੀ ਮਿਤੀ ਤੋਂ ਬਾਅਦ 3 ਸਾਲਾਂ ਦੇ ਅੰਦਰ, ਜਾਂ ਕਰ ਅਦਾ ਕਰਨ ਦੀ ਮਿਤੀ ਤੋਂ ਬਾਅਦ 2 ਸਾਲਾਂ ਦੇ ਅੰਦਰ ਦਾਅਵਾ ਦਾਇਰ ਕਰਨਾ ਚਾਹੀਦਾ ਹੈ, ਜੋ ਵੀ ਬਾਅਦ ਵਿੱਚ ਹੋਵੇ। ਇਸ ਕਾਨੂੰਨ ਮੁਤਾਬਕ ਆਮਤੌਰ 'ਤੇ ਤੁਹਾਡੇ ਰਿਟਰਨ ਜਾਂ ਰਿਫੰਡ ਲਈ ਦਾਅਵਾ ਦਾਇਰ ਕਰਨ ਦੀ ਮਿਤੀ ਤੋਂ ਬਾਅਦ 45 ਦਿਨਾਂ ਦੇ ਅੰਦਰ ਭੁਗਤਾਨ ਨਾ ਹੋਣ 'ਤੇ ਤੁਹਾਡੇ ਰਿਫੰਡ 'ਤੇ ਵਿਆਜ ਦਿੱਤਾ ਜਾਵੇਗਾ। ਪ੍ਰਕਾਸ਼ਨ 556, ਰਿਟਰਨਜ਼ ਦੀ ਜਾਂਚ, ਅਪੀਲ ਦੇ ਅਧਿਕਾਰ, ਅਤੇ ਰਿਫੰਡ ਲਈ ਦਾਅਵੇ (Publication 556, Examination of Returns, Appeal Rights, and Claims for Refund)

ਜੇ ਤੁਹਾਡਾ ਰਿਫੰਡ ਭੁਗਤਾਨਯੋਗ ਸੀ, ਪਰ ਤੁਸੀਂ ਰਿਟਰਨ ਦਾਇਰ ਨਹੀਂ ਸੀ ਕੀਤੀ, ਤਾਂ ਤੁਹਾਨੂੰ ਆਮਤੌਰ 'ਤੇ ਉਹ ਰਿਫੰਡ ਪ੍ਰਾਪਤ ਕਰਨ ਲਈ ਰਿਟਰਨ ਭੁਗਤਾਨਯੋਗ ਹੋਣ ਦੀ ਮਿਤੀ (ਐਕਸਟੈਂਸ਼ਨਾਂ ਦੇ ਸਮੇਤ) ਤੋਂ ਬਾਅਦ 3 ਸਾਲ ਦੇ ਅੰਦਰ ਆਪਣੀ ਰਿਟਰਨ ਦਾਇਰ ਕਰਨੀ ਹੋਵੇਗੀ।

## ਕਰਦਾਤਾ ਵਕੀਲ ਸੇਵਾ

TAS IRS ਦੇ ਅੰਦਰ ਇੱਕ ਸੁਤੰਤਰ ਸੰਗਠਨ ਹੈ ਜੋ ਤੁਹਾਡੇ ਕਰਦਾਤਾ ਹੋਣ ਦੇ ਨਾਤੇ ਅਧਿਕਾਰਾਂ ਦੀ ਰੱਖਿਆ ਵਿੱਚ ਮਦਦ ਕਰ ਸਕਦਾ ਹੈ। ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ ਜੇ ਤੁਹਾਡੀ ਕਰ ਸੰਬੰਧੀ ਸਮੱਸਿਆ ਮੁਸ਼ਕਲ ਪੈਦਾ ਕਰ ਰਹੀ ਹੈ, ਜਾਂ ਤੁਸੀਂ IRS ਨਾਲ ਆਪਣੀ ਸਮੱਸਿਆ ਦਾ ਹੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਹੇ। ਜੇ ਤੁਸੀਂ ਸਾਡੀ ਮਦਦ ਦੇ ਯੋਗ ਹੁੰਦੇ ਹੋ, ਜੋ ਕਿ ਹਮੇਸ਼ਾ ਮੁਫਤ ਹੁੰਦੀ ਹੈ, ਤਾਂ ਅਸੀਂ ਤੁਹਾਡੀ ਮਦਦ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। www.taxpayeradvocate.irs.gov 'ਤੇ ਜਾਓ ਜਾਂ 1-877-777-4778 'ਤੇ ਕਾਲ ਕਰੋ।

## ਕਰ ਸੰਬੰਧੀ ਜਾਣਕਾਰੀ

IRS ਫਾਰਮਾਂ, ਪ੍ਰਕਾਸ਼ਨਾਂ ਅਤੇ ਵਧੇਰੇ ਜਾਣਕਾਰੀ ਲਈ ਹੇਠਾਂ ਦਿੱਤੇ ਵਸੀਲੇ ਪ੍ਰਦਾਨ ਕਰਦਾ ਹੈ।

- ***ਟੈਕਸ ਬਾਰੇ ਸਵਾਲ:*** 1-800-829-1040 (TTY/TDD ਲਈ 1-800-829-4059)
- ***ਫਾਰਮ ਅਤੇ ਪ੍ਰਕਾਸ਼ਨਾਵਾਂ:*** 1-800-829-3676 (TTY/TDD ਲਈ 1-800-829-4059)
- ***ਇੰਟਰਨੈੱਟ:*** www.irs.gov
- ***Small Business Ombudsman (ਛੋਟੇ ਕਾਰੋਬਾਰੀ ਲੋਕਪਾਲ):*** ਇੱਕ ਛੋਟੀ ਕਾਰੋਬਾਰੀ ਸੰਸਥਾ ਨਿਯਮਿਤ ਪ੍ਰਕਿਰਿਆ ਵਿੱਚ ਹਿੱਸਾ ਲੈ ਸਕਦੀ ਹੈ ਅਤੇ 1-888-REG-FAIR ਨੂੰ ਕਾਲ ਕਰਕੇ IRS ਦੀਆਂ ਲਾਗੂ ਕਰਨ ਵਾਲੀਆਂ ਕਾਰਵਾਈਆਂ ਬਾਰੇ ਟਿੱਪਣੀ ਕਰ ਸਕਦੀ ਹੈ।
- ***Treasury Inspector General for Tax Administration (ਕਰ ਪ੍ਰਸ਼ਾਸਕ ਲਈ ਟ੍ਰੇਜ਼ਰੀ ਇੰਸਪੈਕਟਰ ਜਨਰਲ):*** ਤੁਸੀਂ 1-800-366-4484 'ਤੇ ਕਾਲ ਕਰਕੇ ਕਿਸੇ IRS ਕਰਮਚਾਰੀ ਦੁਆਰਾ ਗੁਪਤ ਤੌਰ 'ਤੇ ਦੁਰਵਿਵਹਾਰ, ਬਰਬਾਦੀ, ਧੋਖਾਧੜੀ ਜਾਂ ਦੁਰਵਿਵਹਾਰ ਦੀ ਰਿਪੋਰਟ ਕਰ ਸਕਦੇ ਹੋ (1-800-877-8339 TTY/TDD ਲਈ)। ਤੁਸੀਂ ਅਗਿਆਤ ਰਹਿ ਸਕਦੇ ਹੋ।